# BUDGET
## VANCOUVER 2026



### ਬਜਟ ਦੀ ਸੰਖੇਪ ਜਾਣਕਾਰੀ

ਵੈਨਕੂਵਰ ਸ਼ਹਿਰ ਦਾ ਬਜਟ ਦੱਸਦਾ ਹੈ ਕਿ ਜਨਤਕ ਸੁਰੱਖਿਆ, ਆਵਾਜਾਈ, ਬੁਨਿਆਦੀ ਢਾਂਚਾ ਅਤੇ ਪਾਰਕਾਂ ਅਤੇ ਮਨੋਰੰਜਨ ਸਮੇਤ ਮੁੱਖ ਸੇਵਾਵਾਂ ਵਿੱਚ ਫੰਡ ਕਿਵੇਂ ਵੰਡੇ ਜਾਂਦੇ ਹਨ। ਹਰ ਸਾਲ, ਅਸੀਂ ਨਿਵਾਸੀਆਂ ਅਤੇ ਕਾਰੋਬਾਰਾਂ ਨੂੰ ਦਸੰਬਰ ਵਿੱਚ ਕੌਂਸਲ ਦੇ ਬਜਟ ਲਈ ਫੈਸਲਿਆਂ ਦਾ ਮਾਰਗਦਰਸ਼ਨ ਕਰਨ ਵਿੱਚ ਮਦਦ ਕਰਨ ਲਈ ਸਿਟੀ ਦੇ ਖਰਚਿਆਂ ਲਈ ਆਪਣੀਆਂ ਪ੍ਰਮੁੱਖ ਤਰਜੀਹਾਂ ਸਾਂਝੀਆਂ ਕਰਨ ਲਈ ਕਹਿੰਦੇ ਹਾਂ।

ਜਦੋਂ ਕਿ ਮਹਾਂਮਾਰੀ ਤੋਂ ਬਾਅਦ ਮਹਿੰਗਾਈ ਘਟ ਗਈ ਹੈ, ਸਿਟੀ ਹਾਲੇ ਵੀ ਵੱਧਦੀਆਂ ਲਾਗਤਾਂ ਅਤੇ ਸੇਵਾਵਾਂ ਦੀ ਵੱਧਦੀ ਮੰਗ ਦਾ ਸਾਹਮਣਾ ਕਰ ਰਿਹਾ ਹੈ। ਇਸ ਦੇ ਨਾਲ ਹੀ, ਕਿਫ਼ਾਇਤ ਇੱਕ ਮੁੱਖ ਚਿੰਤਾ ਬਣੀ ਹੋਈ ਹੈ।

ਪ੍ਰਾਪਰਟੀ ਟੈਕਸ ਵਿੱਚ ਵਾਧੇ ਨੂੰ ਸੀਮਿਤ ਕਰਕੇ ਕਿਫ਼ਾਇਤ ਨੂੰ ਹੱਲ ਕਰਨ ਲਈ, ਕੌਂਸਲ ਨੇ ਸਿਟੀ ਸਟਾਫ਼ ਨੂੰ ਪ੍ਰਾਪਰਟੀ ਟੈਕਸ ਵਿੱਚ 0%, 1.5% ਅਤੇ 2.5% ਵਾਧੇ ਦੇ ਅਧਾਰ ਤੇ ਤਿੰਨ ਬਜਟ ਸਥਿਤੀਆਂ ਬਣਾਉਣ ਲਈ ਨਿਰਦੇਸ਼ ਦਿੱਤੇ ਹਨ। ਜਦੋਂ ਸਿਟੀ ਵੱਧਦੀਆਂ ਲਾਗਤਾਂ ਦਾ ਪ੍ਰਬੰਧਨ ਕਰਨ ਲਈ ਕੰਮ ਕਰਦਾ ਹੈ, ਅਸੀਂ ਬਜਟ ਨੂੰ ਸੰਤੁਲਿਤ ਕਰਨ ਲਈ ਤੁਹਾਡੀਆਂ ਤਰਜੀਹਾਂ ਜਾਣਨਾ ਚਾਹੁੰਦੇ ਹਾਂ।

## ਸਿਟੀ ਆਪਣਾ ਬਜਟ ਕਿਵੇਂ ਤਿਆਰ ਕਰਦੀ ਹੈ?

ਬਜਟ ਪ੍ਰਕਿਰਿਆ ਵਿੱਚ ਕਈ ਮੁੱਖ ਕਦਮ ਸ਼ਾਮਲ ਹੁੰਦੇ ਹਨ:

**ਮਈ 2025**
**ਸਿਟੀ ਦਾ ਸਟਾਫ਼ ਬਜਟ ਦੀ ਰੂਪਰੇਖਾ ਤਿਆਰ ਕਰਦਾ ਹੈ।** ਇਸਦੀ ਵਰਤੋਂ ਸਿਟੀ ਦੀ ਵਿੱਤੀ ਸਥਿਤੀ ਅਤੇ ਅਗਲੇ ਪੰਜ ਸਾਲਾਂ ਲਈ ਅਨੁਮਾਨਿਤ ਆਮਦਨ ਅਤੇ ਖਰਚਿਆਂ ਦਾ ਮੁਲਾਂਕਣ ਕਰਨ ਲਈ ਕੀਤੀ ਜਾਂਦੀ ਹੈ।

**ਜੂਨ 2025**
**ਸਿਟੀ ਕੌਂਸਲ ਬਜਟ ਦੀ ਰੂਪਰੇਖਾ ਦੀ ਸਮੀਖਿਆ ਕਰਦੀ ਹੈ।**

**ਸਤੰਬਰ 2025**
**ਡਿਪਾਰਟਮੈਂਟ ਸਰਵਿਸ ਪਲਾਨ ਤਿਆਰ ਕੀਤੇ ਜਾਂਦੇ ਹਨ।** ਸਿਟੀ ਦੇ ਅੰਦਰ ਹਰੇਕ ਵਿਭਾਗ ਆਪਣੀਆਂ ਖੁਦ ਦੀਆਂ ਸੇਵਾ ਯੋਜਨਾਵਾਂ ਤਿਆਰ ਕਰਦਾ ਹੈ, ਉਹਨਾਂ ਦੁਆਰਾ ਪੇਸ਼ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਅਤੇ ਸੇਵਾਵਾਂ, ਅਤੇ ਉਹਨਾਂ ਦੀਆਂ ਸੰਬੰਧਿਤ ਲਾਗਤਾਂ ਦਾ ਵੇਰਵਾ ਦਿੰਦਾ ਹੈ। ਇਹਨਾਂ ਯੋਜਨਾਵਾਂ ਨੂੰ ਸਿਟੀ ਦੀਆਂ ਰਣਨੀਤਕ ਤਰਜੀਹਾਂ ਅਤੇ ਸਮੁੱਚੇ ਵਿੱਤੀ ਟੀਚਿਆਂ ਦੇ ਨਾਲ ਅਨੁਕੂਲ ਬਣਾਇਆ ਜਾਂਦਾ ਹੈ।

**ਅਗਸਤ 12 - ਸਤੰਬਰ 14, 2025**
**ਜਨਤਕ ਸ਼ਮੂਲੀਅਤ ਸਰਵੇਖਣ ਖੁੱਲ੍ਹਦਾ ਹੈ।** ਤੁਹਾਨੂੰ 2026 ਦੇ ਬਜਟ ਲਈ ਆਪਣੀਆਂ ਪ੍ਰਮੁੱਖ ਤਰਜੀਹਾਂ ਨੂੰ ਪਛਾਣਨ ਲਈ ਫੀਡਬੈਕ ਪ੍ਰਦਾਨ ਕਰਨ ਦਾ ਮੌਕਾ ਮਿਲਦਾ ਹੈ।

**ਦਸੰਬਰ 2025**
**ਡ੍ਰਾਫਟ ਬਜਟ ਪ੍ਰਕਾਸ਼ਿਤ ਕੀਤਾ ਜਾਂਦਾ ਹੈ ਅਤੇ ਕੌਂਸਲ ਅਤੇ ਜਨਤਾ ਲਈ ਉਪਲਬਧ ਕਰਾਇਆ ਜਾਂਦਾ ਹੈ।**

**ਦਸੰਬਰ 2025**
**ਕੌਂਸਲ 2026 ਦੇ ਅੰਤਮ ਬਜਟ 'ਤੇ ਵੋਟ ਪਾਉਂਦੀ ਹੈ।**

## ਬਜਟ ਨੂੰ ਫੰਡ ਕਿਵੇਂ ਦਿੱਤਾ ਜਾਂਦਾ ਹੈ?

ਸਿਟੀ ਦੇ ਬਜਟ ਨੂੰ ਫੰਡ ਮੁੱਖ ਤੌਰ ‘ਤੇ ਤੁਹਾਡੇ ਪ੍ਰਾਪਰਟੀ ਟੈਕਸਾਂ ਦੁਆਰਾ, ਅਤੇ ਕਈ ਹੋਰ ਮਾਲੀਆ ਸਰੋਤਾਂ ਤੋਂ ਮਿਲਦਾ ਹੈ। ਤੁਹਾਡੇ ਟੈਕਸਾਂ ਅਤੇ ਉਪਯੋਗਤਾਵਾਂ ਫ਼ੀਸਾਂ ਦਾ ਸਿਰਫ਼ 53 ਪ੍ਰਤਿਸ਼ਤ ਵੈਨਕੂਵਰ ਸਿਟੀ ਨੂੰ ਜਾਂਦਾ ਹੈ। ਬਾਕੀ ਦਾ 47% ਖੇਤਰੀ ਸੇਵਾਵਾਂ, ਸਕੂਲਾਂ, ਆਵਾਜਾਈ, ਪੀਣ ਵਾਲੇ ਪਾਣੀ ਦੀ ਸਪਲਾਈ ਅਤੇ ਗੰਦੇ ਪਾਣੀ ਦੀ ਸਫ਼ਾਈ ਕਰਨ ਨੂੰ ਫੰਡ ਦੇਣ ਵਿੱਚ ਜਾਂਦਾ ਹੈ। ਸਿਟੀ ਦਾ ਇਸ ਗੱਲ ‘ਤੇ ਨਿਯੰਤ੍ਰਣ ਨਹੀਂ ਹੈ ਕਿ ਪੂਰੇ ਖੇਤਰ ਵਿੱਚ ਕੀ ਵਸੂਲਿਆ ਜਾਂਦਾ ਹੈ ਜਾਂ ਲੇਵੀਆਂ ਨੂੰ ਕਿਵੇਂ ਵੰਡਿਆ ਜਾਂਦਾ ਹੈ। ਟੈਕਸਾਂ ਦਾ ਵੈਨਕੂਵਰ ਸਿਟੀ ਦਾ ਹਿੱਸਾ ਜ਼ਰੂਰੀ ਸੇਵਾਵਾਂ ਮੁਹੱਈਆ ਕਰਨ ਅਤੇ ਸੀਵਰ ਪਾਈਪਾਂ, ਸੜਕਾਂ ਅਤੇ ਪੁਲਾਂ ਵਰਗੇ ਬੁਨਿਆਦੀ ਢਾਂਚੇ ਦੀ ਸਾਂਭ-ਸੰਭਾਲ ਵਿੱਚ ਜਾਂਦਾ ਹੈ।




### ਬਜਟ ਫੰਡਿੰਗ ਦੇ ਸਰੋਤਾਂ ਵਿੱਚ ਸ਼ਾਮਲ ਹਨ:

- ਪ੍ਰਾਪਰਟੀ ਟੈਕਸ
- ਉਪਯੋਗਤਾ ਫ਼ੀਸਾਂ
- ਲਾਇਸੰਸ ਅਤੇ ਵਿਕਾਸ ਫ਼ੀਸਾਂ
- ਪਾਰਕਿੰਗ ਤੋਂ ਆਮਦਨ
- ਪ੍ਰੋਗਰਾਮ ਫ਼ੀਸਾਂ
- ਲਾਗਤ ਰਿਕਵਰੀ ਅਤੇ ਦਾਨ
- ਨਿਵੇਸ਼ ਸਬੰਧੀ ਆਮਦਨ
- ਸਰਕਾਰੀ ਤਬਾਦਲੇ
- ਬਾਇਲਾਅ ਜੁਰਮਾਨੇ

# ਤੁਸੀਂ ਕਿਸ ਲਈ ਭੁਗਤਾਨ ਕਰ ਰਹੇ ਹੋ?

ਬਜਟ ਇਹਨਾਂ ਜ਼ਰੂਰੀ ਸੇਵਾਵਾਂ ਲਈ ਫੰਡਿੰਗ ਦਿੰਦਾ ਹੈ




## ਸ਼ਾਮਲ ਹੋਣ ਦਾ ਤਰੀਕਾ

ਇਸ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਕਿ ਸਿਟੀ ਨੂੰ ਖਰਚਿਆਂ ਨੂੰ ਕਿਵੇਂ ਤਰਜੀਹ ਦੇਣੀ ਚਾਹੀਦੀ ਹੈ, 12 ਅਗਸਤ ਅਤੇ 14 ਸਤੰਬਰ ਦੇ ਵਿਚਕਾਰ ਸਾਡੇ ਸਰਵੇਖਣ ਵਿੱਚ ਹਿੱਸਾ ਲਓ: **shapeyourcity.ca/budget**

CITY OF VANCOUVER

Punjabi | ©2025 City of Vancouver | 25-240